International Journal for Multidisciplinary Research (IJFMR)
E-ISSN: 2582-2160 ● Website: www.ijfmr.com ● Email: editor@ijfmr.com

# ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਸੰਬੰਧ ਵਿੱਚ ਪੇਂਡੂ ਅਤੇ ਸ਼ਹਿਰੀ ਖੇਤਰ ਦੇ ਵਿਦਿਆਰਥੀਆਂ ਦੇ ਗਿਆਨ ਦਾ ਅਧਿਐਨ

**ਰੁਖਸਾਰ[1], ਡਾ. ਹਰਦੀਪ ਕੌਰ ਸੈਣੀ[2]**

[1]ਐਮ.ਐਡ ਵਿਦਿਆਰਥਣ, ਗੋਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਪਟਿਆਲਾ
[2]ਅਸਿਸਟੈਂਟ ਪ੍ਰੋਫੈਸਰ, ਗੋਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਪਟਿਆਲਾ

**ਸਾਰ-ਅੰਸ਼**

ਸਾਡਾ ਵਿਰਸਾ ਸਾਡਾ ਗੌਰਵ ਅਤੇ ਸਾਡੀ ਜਿੰਦ-ਜਾਨ ਹੈ। ਲੋੜ ਹੈ ਇਸ ਦੀਆਂ ਸੂਖਮ ਤੰਦਾ ਨੂੰ ਸਾਂਭਣ ਲਈ ਅਤੇ ਉਹਨਾਂ ਨੂੰ ਆਧੁਨਿਕਤਾ ਦੀ ਹਾਂ -ਪੱਖੀ ਪੁੱਠ ਦੇਣ ਦੀ। ਵੇਲਾ ਵਿਹਾ ਚੁੱਕੀਆਂ ਚੀਜ਼ਾਂ ਨੂੰ ਇਤਿਹਾਸ ਦਾ ਹਿੱਸਾ ਅਤੇ ਵਿਕਾਸ ਦਾ ਪੜਾਅ ਸਮਝ ਕੇ ਯਾਦ ਰੱਖੀਏ। ਆਉਣ ਵਾਲੀਆਂ ਨਵੀਂਆਂ ਪੀੜ੍ਹੀਆਂ ਨੂੰ ਵਿਰਸੇ ਦੇ ਬਾਰੇ ਜਾਣੂ ਕਰਵਾਏ ਤਾਂ ਜੋ ਉਹਨਾਂ ਆਪਣੇ ਪੰਜਾਬੀ ਵਿਰਸੇ ਅਤੇ ਆਪਣੇ ਪੰਜਾਬੀ ਹੋਣ ਤੇ ਮਾਣ ਮਹਿਸੂਸ ਹੋਵੇ। ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਸੰਬੰਧ ਵਿੱਚ ਪੇਂਡੂ ਅਤੇ ਸ਼ਹਿਰੀ ਖੇਤਰ ਦੇ ਵਿਦਿਆਰਥੀਆਂ ਦੇ ਗਿਆਨ ਦਾ ਅਧਿਐਨ ਕੀਤਾ ਗਿਆ ਹੈ । ਇਹ ਅਧਿਐਨ ਲਈ ਪਟਿਆਲਾ ਜ਼ਿਲ੍ਹੇ ਦੇ ਸੈਕੰਡਰੀ ਸਕੂਲ ਦੇ 102 ਵਿਦਿਆਰਥੀਆਂ ਲਏ ਗਏ। ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡੇ ਅਤੇ ਕੁੜੀਆਂ ਦੇ ਗਿਆਨ ਵਿਚਕਾਰ ਪੱਧਰ ਵਿਚ ਕੋਈ ਅੰਤਰ ਨਹੀਂ ਪਾਇਆ ਗਿਆ ਅਤੇ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਗਿਆਨ ਵਿਚਕਾਰ ਅੰਤਰ ਪਾਇਆ ਗਿਆ ।

**ਸੰਕੇਤ ਸ਼ਬਦ**: ਪੰਜਾਬ, ਪੰਜਾਬੀ ਸੱਭਿਆਚਾਰ, ਵਿਰਸਾ ।

**ਜਾਣ-ਪਛਾਣ**

ਪੰਜਾਬੀ ਸੱਭਿਆਚਾਰ ਪੰਜਾਬੀ ਲੋਕ ਸਮੂਹ ਦੁਆਰਾ ਸਿਰਜੀ ਵਿਸ਼ੇਸ਼ ਜੀਵਨ ਜਾਂਚ ਹੈ। ਜਿਸ ਵਿੱਚ ਉਹਨਾਂ ਲੋਕਾਂ ਦਾ ਰਹਿਣ-ਸਹਿਣ, ਕਿੱਤੇ, ਰਸਮ-ਰਿਵਾਜ਼, ਰਿਸ਼ਤੇ-ਨਾਤੇ, ਪਹਿਰਾਵਾ, ਖੇਡਾਂ, ਭਾਸ਼ਾ, ਲੋਕ ਸਾਹਿਤ, ਖਾਣ-ਪੀਣ, ਆਦਿ ਸ਼ਾਮਿਲ ਹੁੰਦਾ ਹੈ। ਸੱਭਿਆਚਾਰ ਲੋਕਾਂ ਨੂੰ ਪੀੜ੍ਹੀ ਦਰ ਪੀੜ੍ਹੀ ਰੂਪ ਵਿੱਚ ਚੱਲਦਾ ਆਉਂਦਾ ਆਪਣੇ ਵਡੇਰਿਆਂ ਤੋਂ ਵਿਰਾਸਤ ਦੇ ਰੂਪ ਵਿੱਚ ਮਿਲਦਾ ਹੈ। ਇਸ ਲਈ ਸੱਭਿਆਚਾਰ ਆਪਣੇ ਆਪ ਵਿੱਚ ਪੂਰਨਤਾ ਦਾ ਧਾਰਨੀ ਹੁੰਦਾ ਹੈ।

ਹਰ ਖੇਤਰ ਦੇ ਸੱਭਿਆਚਾਰ ਦੀ ਆਪਣੀ-ਆਪਣੀ ਵਿਸ਼ੇਸ਼ਤਾ ਹੁੰਦੀ ਹੈ। ਉਸੇ ਪ੍ਰਕਾਰ ਪੰਜਾਬ ਦੇ ਸੱਭਿਆਚਾਰ ਦੀ ਆਪਣੀ ਇਕ ਵਿਲੱਖਣ ਪਹਿਚਾਣ ਹੈ। ਸੱਭਿਆਚਾਰ ਦੀ ਪਹਿਚਾਣ ਦਾ ਮੁੱਖ ਸਾਧਨ ਉਸ ਖੇਤਰ ਦੀ ਭਾਸ਼ਾ ਹੁੰਦੀ ਹੈ। ਸੱਭਿਆਚਾਰ ਅਤੇ ਭਾਸ਼ਾ ਦਾ ਗਹਿਰਾ ਸੰਬੰਧ ਹੈ। ਕਿਸੇ ਇਕ ਸੱਭਿਆਚਾਰ ਨੂੰ ਕਿਸੇ ਹੋਰ ਸੱਭਿਆਚਾਰ ਦੀ ਭਾਸ਼ਾ ਵਿੱਚ ਪ੍ਰਸਤੁਤ ਨਹੀਂ ਕੀਤਾ ਜਾ ਸਕਦਾ ਹੈ। ਵੱਖੋਂ-ਵੱਖ ਸਭਿਆਚਾਰ ਦੀ ਵੱਖੋ-ਵੱਖਰੀ ਭਾਸ਼ਾ ਹੁੰਦੀ ਹੈ। ਪੰਜਾਬੀ ਸੱਭਿਆਚਾਰ ਦੀ ਭਾਸ਼ਾ ਪੰਜਾਬੀ ਹੈ। ਭਾਸ਼ਾ ਦੇ ਮਾਧਿਅਮ ਰਾਂਹੀ ਸੱਭਿਆਚਾਰ ਦੀ ਸਮੱਗਰੀ ਨੂੰ ਪੇਸ਼ ਕੀਤਾ ਜਾ ਸਕਦਾ ਹੈ। ਭਾਸ਼ਾ ਅਤੇ ਸੱਭਿਆਚਾਰ ਦੋਵੇਂ ਹੀ ਪਰਿਵਰਤਨਸ਼ੀਲ ਅਤੇ ਵਿਕਾਸ ਕਰਦੇ ਹਨ। ਹਰ ਭਾਸ਼ਾ ਦੀ ਆਪਣੀ ਲਿਪੀ ਹੁੰਦੀ ਹੈ ਅਤੇ ਉਹ ਲਿਪੀ ਸੱਭਿਆਚਾਰ ਦੀਆਂ ਲੋੜਾਂ ਅਨੁਸਾਰ ਹੁੰਦੀ ਹੈ। ਇਸ ਕਰਕੇ ਹਰ ਭਾਸ਼ਾ ਨੂੰ ਉਸੇ ਲਿਪੀ ਵਿੱਚ ਲਿਖਣ ਨਾਲ ਹੀ ਸੱਭਿਆਚਾਰ ਨੂੰ ਠੀਕ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ।

ਉਹ ਸਭ ਕੁਝ ਜੋ ਸਥੂਲ ਅਤੇ ਸੂਖਮ ਰੂਪ ਵਿੱਚ ਆਪਣੇ ਵਡੇਰਿਆਂ ਤੋਂ ਪ੍ਰਾਪਤ ਹੋਵੇ ਵਿਰਸਾ ਅਖਵਾਉਂਦਾ ਹੈ। ਵਿਰਸਾ ਜਿਸ ਨੂੰ ਅਸੀਂ ਦੇਖ ਜਾ ਛੂਹ ਨਹੀਂ ਸਕਦੇ, ਕੇਵਲ ਮਹਿਸੂਸ ਕਰ ਸਕਦੇ ਹਾਂ ਅਤੇ ਜੋ ਸਾਡੀ ਸਮੁੱਚੀ ਮਾਨਸਿਕਤਾ ਅਤੇ ਜੀਵਨ-ਜਾਂਚ ਦਾ ਆਧਾਰ ਹੁੰਦਾ ਹੈ। ਕਿਸੇ ਖਾਸ ਪ੍ਰਸਥਿਤੀ ਵਿੱਚ ਅਸੀਂ ਕਿਸ ਤਰ੍ਹਾਂ ਵਿਚਰਦੇ ਹਾਂ ਜਾ ਕਿਸੇ ਘਟਨਾ ਪ੍ਰਤੀ ਸਾਡਾ ਨੁਕਤਾ ਨਿਗਾਹ ਕੀ ਹੈ, ਇਹ ਸਾਡਾ ਵਿਰਸਾ ਹੀ ਨਿਰਧਾਰਿਤ ਕਰਦਾ ਹੈ।

ਪੰਜਾਬ ਇਹ ਬਹੁਤ ਅਮੀਰ ਤੇ ਗੌਰਵਮਈ ਵਿਰਸੇ ਦਾ ਮਾਲਕ ਹੈ। ਪੰਜਾਬ ਦੀ ਧਰਤੀ ਨੂੰ ਮਨੁੱਖੀ ਸੱਭਿਅਤਾ ਅਤੇ ਸੰਸਕ੍ਰਿਤੀ ਦੇ ਵਿਕਾਸ ਦਾ ਪੰਘੂੜਾ ਮੰਨਿਆ ਗਿਆ ਹੈ। ਜਿਸਨੂੰ ਕੁਦਰਤ ਨੇ ਰੱਜ ਕੇ ਬਖਸ਼ਿਸ਼ਾਂ ਦਿੱਤੀਆਂ ਹਨ। ਪੰਜਾਬ ਦੇ ਮੇਲੇ, ਤਿਉਹਾਰ, ਘੇਰਲੂ-ਵਸਤਾਂ, ਲੋਕ-ਧੰਦੇ ਪਹਿਰਾਵਾ ਤੇ ਹਾਰ-ਸ਼ਿੰਗਾਰ ਆਦਿ ਸਭ ਸਭਿਆਚਾਰ ਅਤੇ ਵਿਰਸੇ ਦਾ ਹਿੱਸਾ ਹਨ। ਸਾਡੇ ਕੁੱਝ ਲੋਕ ਵਿਰਸੇ ਦੀ ਬੜੇ ਸੰਕੁਲਿਤ ਅਰਥ ਲੈਂਦੇ ਹਨ। ਜਦੋਂ ਉਹ ਵਿਰਸੇ ਦੀ ਗੱਲ ਕਰਦੇ ਹਨ ਤਾਂ ਉਹ ਅਕਸਰ ਮੱਕੀ ਦੀ ਰੋਟੀ, ਸਰ੍ਹੋਂ ਦਾ ਸਾਗ, ਘੱਗਰੇ-ਚਾਦਰੇ, ਗੰਨੇ ਅਤੇ ਛੱਲੀਆਂ ਦੁਆਲੇ ਹੀ ਘੁੰਮਦੇ ਰਹਿੰਦੇ ਹਨ। ਪਰੰਤੂ ਪੰਜਾਬੀ ਸੱਭਿਆਚਾਰ ਦਾ ਖੇਤਰ ਬਹੁਤ ਹੀ ਵੱਡਾ ਹੈ।

**ਅਧਿਐਨ ਦੇ ਉਦੇਸ਼**

- ਪੰਜਾਬ ਦਾ ਸੁਨਹਿਰੀ ਪੰਜਾਬ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡੇ ਅਤੇ ਕੁੜੀਆਂ ਦੇ ਗਿਆਨ ਵਿਚਕਾਰ ਵਖਰੇਵਿਆਂ ਦਾ ਵਿਸ਼ਲੇਸ਼ਣ।
- ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਗਿਆਨ ਵਿਚਕਾਰ ਵਖਰੇਵਿਆਂ ਦਾ ਵਿਸ਼ਲੇਸ਼ਣ।

**ਅਧਿਐਨ ਦੀਆਂ ਪਰਿਕਲਪਨਾਵਾਂ-**

- ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡੇ ਅਤੇ ਕੁੜੀਆਂ ਦੇ ਗਿਆਨ ਵਿਚਕਾਰ ਵਿਸ਼ਲੇਸ਼ਣ ਵਿਚ ਕੋਈ ਅੰਤਰ ਨਹੀਂ ਹੈ।
- ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਗਿਆਨ ਵਿਚਕਾਰ ਵਿਸ਼ਲੇਸ਼ਣ ਵਿਚ ਕੋਈ ਅੰਤਰ ਨਹੀ ਹੈ।

### ਅਧਿਐਨ ਦੀਆਂ ਸੀਮਾਵਾਂ

- ਇਹ ਅਧਿਐਨ ਕੇਵਲ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਤੱਕ ਸੀਮਿਤ ਹੈ।
- ਇਸ ਅਧਿਐਨ ਵਿਚ 102 ਵਿਦਿਆਰਥੀ ਸ਼ਾਮਿਲ ਹਨ।
- ਇਹ ਅਧਿਐਨ ਕੇਵਲ ਪੰਜਾਬ ਦੇ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਤੱਕ ਸੀਮਿਤ ਹੈ।
- ਇਹ ਅਧਿਐਨ ਕੇਵਲ ਪਟਿਆਲਾ ਜ਼ਿਲ੍ਹੇ ਦੇ ਸਕੂਲਾਂ ਤੱਕ ਸੀਮਿਤ ਹੈ।

### ਖੋਜ ਵੰਨਗੀ

ਮੌਜੂਦਾ ਅਧਿਐਨ ਲਈ ਪੀ.ਐਸ.ਈ.ਬੀ., ਸੀ.ਬੀ.ਐਸ.ਈ. ਅਤੇ ਆਈ.ਸੀ.ਐਸ.ਈ. ਸਕੂਲਾਂ ਵਿੱਚੋਂ 102 ਵਿਦਿਆਰਥੀਆਂ ਚੁਣੇ ਗਏ। ਪੀ.ਐਸ.ਈ.ਬੀ. ਸਕੂਲ ਵਿੱਚੋਂ 41 ਵਿਦਿਆਰਥੀ, ਸੀ.ਬੀ.ਐਸ.ਈ. ਸਕੂਲ ਵਿਚੋਂ 41 ਵਿਦਿਆਰਥੀ ਅਤੇ ਆਈ.ਸੀ.ਐਸ.ਈ. ਸਕੂਲ ਵਿੱਚੋਂ 21 ਵਿਦਿਆਰਥੀ ਚੁਣੇ ਗਏ। ਜਿਹਨਾਂ ਵਿਚੋਂ 47 ਮੁੰਡੇ ਅਤੇ 55 ਕੁੜੀਆਂ ਹਨ ਅਤੇ 62 ਸ਼ਹਿਰੀ ਅਤੇ 40 ਪੇਂਡੂ ਖੇਤਰ ਦੇ ਵਿਦਿਆਰਥੀ ਲਏ ਗਏ।

### ਖੋਜ ਯੰਤਰ

ਇਸ ਅਧਿਐਨ ਦੀ ਜਾਣਕਾਰੀ ਹਾਸਿਲ ਕਰਨ ਲਈ ਪ੍ਰਸ਼ਨਾਵਲੀ ਤਿਆਰ ਕੀਤੀ ਗਈ। ਜਿਸ ਰਾਹੀਂ ਵਿਦਿਆਰਥੀਆਂ ਦੇ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਤੋਂ ਪ੍ਰਾਪਤ ਅੰਕ ਵੱਖਰੇ-ਵੱਖਰੇ ਕਰ ਕੇ ਵੇਖੇ ਜਾ ਸਕਦੇ ਹਨ ਅਤੇ ਇਹਨਾਂ ਅੰਕਾਂ ਦਾ ਜੋੜ ਵਿਦਿਆਰਥੀਆਂ ਦੇ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਗਿਆਨ ਨੂੰ ਪੇਸ਼ ਕਰਦੇ ਹਨ। ਇਸ ਸੰਬੰਧੀ ਪੀ.ਐਸ.ਈ.ਬੀ., ਸੀ.ਬੀ.ਐਸ.ਈ. ਅਤੇ ਆਈ.ਸੀ.ਐਸ.ਈ. ਦੇ ਵੱਖਰੇਵਿਆਂ ਬਾਰੇ ਜਾਣਕਾਰੀ ਹਾਸਿਲ ਕੀਤੀ ਗਈ ਤੇ ਨਾਲ ਹੀ ਇਸ ਦੇ ਆਧਾਰ ਤੇ ਸ਼ਹਿਰੀ ਅਤੇ ਪੇਂਡੂ, ਮੁੰਡੇ ਅਤੇ ਕੁੜੀਆਂ ਦੇ ਵੱਖਰੇਵਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ। ਇਸ ਵਿੱਚ ਜਾਣਕਾਰੀ ਦਾ ਆਧਾਰ ਮੂਲ ਰੂਪ ਵਿੱਚ ਇੱਕ ਪ੍ਰਸ਼ਾਨਾਵਲੀ ਨੂੰ ਬਣਿਆ ਗਿਆ। ਇਸ ਪ੍ਰਸ਼ਨਾਵਲੀ ਨੂੰ ਵਰਤਣ ਤੋਂ ਪਹਿਲਾਂ 10 ਵਿਦਿਆਰਥੀਆਂ ਤੋਂ ਭਰਵਾਇਆ ਗਿਆ ਤਾਂ ਜੋ ਇਸਦੀ ਭਰੋਸੇਯੋਗਤਾ ਅਤੇ ਭਾਸ਼ਾ ਭਾਸ਼ਾ ਕਠਿਨਾਈ ਬਾਰੇ ਪਤਾ ਚੱਲ ਸਕੇ। 10 ਦਿਨਾਂ ਤੋਂ ਬਾਅਦ ਪ੍ਰਸ਼ਨਾਵਲੀ ਨੂੰ ਦੁਬਾਰਾ ਵਿਦਿਆਰਥੀਆਂ ਤੋਂ ਭਰਵਾਇਆ ਗਿਆ।

### ਸਾਂਖਿਆਕੀ ਤਕਨੀਕਾਂ

ਇਸ ਅਧਿਐਨ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਵਰਣਾਤਮਕ ਅੰਕੜਾ ਵਿਗਿਆਨ ਦੀਆਂ ਢੁਕਵੀਆਂ ਤਕਨੀਕਾਂ ਦੀ ਵਰਤੋ ਕੀਤੀ ਗਈ ਹੈ। SPSS (Statistical Package for the Social Sciences) ਦੀ ਵਰਤੋਂ ਰਾਂਹੀ ਡਾਟਾ ਦਾ ਵਿਸ਼ਲੇਸ਼ਣ ਕੀਤਾ ਗਿਆ।

- **ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡੇ ਅਤੇ ਕੁੜੀਆਂ ਦੇ ਗਿਆਨ ਵਿਚਕਾਰ ਵਿਸ਼ਲੇਸ਼ਣ**

ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡੇ ਅਤੇ ਕੁੜੀਆਂ ਦੇ ਗਿਆਨ ਵਿਚਕਾਰ ਪੱਧਰ ਦਾ ਪਤਾ ਲਗਾਉਣ ਲਈ 47 ਮੁੰਡੇ ਅਤੇ 55 ਕੁੜੀਆਂ ਤੋਂ ਅੰਕੜੇ ਇੱਕਠੇ ਕੀਤੇ ਗਏ। ਅੰਕੜੇ ਇੱਕਠੇ ਕਰਨ ਤੋਂ ਬਾਅਦ ਉਹਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਪ੍ਰਾਪਤ ਅੰਕੜਿਆਂ ਦਾ ਮੁਲਾਂਕਣ ਕਰਨ ਲਈ ਮੱਧਮਾਨ, ਮਾਨਕ ਵਿਚਲਨ ਅਤੇ ਟੀ-ਮੁੱਲ ਕੱਢਿਆ ਗਿਆ। ਜਿਸ ਦਾ ਨਤੀਜਾ ਸਾਰਣੀ ਨੰ. 1 ਅਤੇ 2 ਵਿੱਚ ਪੇਸ਼ ਕੀਤਾ ਗਿਆ ।

**ਸਾਰਣੀ ਨੰ. -1**

**ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡੇ ਅਤੇ ਕੁੜੀਆਂ ਦੇ ਗਿਆਨ ਵਿਚਕਾਰ ਮੱਧਮਾਨ ਅਤੇ ਮਾਨਕ ਵਿਚਲਨ ਦੇ ਪੱਧਰ ਵਿੱਚ ਅੰਤਰ**

| Gender | N | Mean | Std. Deviation | Std. Error Mean |
|---|---|---|---|---|
| Boys | 47 | 18.72 | 5.53 | .806 |
| Girls | 55 | 18.75 | 5.464 | .737 |


**ਸਾਰਣੀ ਨੰ. -2**

**ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡੇ ਅਤੇ ਕੁੜੀਆਂ ਦੇ ਗਿਆਨ ਵਿਚਕਾਰ ਟੀ-ਮੁੱਲ ਦੇ ਪੱਧਰ ਵਿੱਚ ਅੰਤਰ**

| | Levene's Test for Equality of Variances | | t-test for Equality of Means | | | | | | |
|---|---|---|---|---|---|---|---|---|---|
| | | | | | | | | 95% Confidence Interval of the Difference | |
| | F | Sig. | t | df | Sig. (2-tailed) | Mean Difference | Std. Error Difference | Lower | Upper |
| Equal variances assumed | .072 | .789 | -.020 | 100 | .984 | -.022 | 1.091 | -2.187 | 2.143 |

| | | | | | | | | | |
|---|---|---|---|---|---|---|---|---|---|
| Equal variances not assumed | | | -.020 | 97.180 | .984 | -.022 | 1.092 | -2.190 | 2.146 |

ਸਾਰਣੀ ਨੰਬਰ 1 ਅਤੇ 2 ਤੋਂ ਪਤਾ ਲਗਦਾ ਹੈ ਕਿ ਪੰਜਾਬ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡਿਆ ਦੇ ਗਿਆਨ ਦਾ ਮੱਧਮਾਨ ਸਕੋਰ (M) 18.72 ਹੈ, ਮਾਨਕ ਵਿਚਲਨ (SD) 5.53 ਹੈ ਅਤੇ ਕੁੜੀਆਂ ਦਾ ਮੱਧਮਾਨ ਸਕੋਰ (M) 18.75 ਹੈ, ਮਾਨਕ ਵਿਚਲਨ (SD) 5.46 ਹੈ। ਮੁੰਡੇ ਅਤੇ ਕੁੜੀਆਂ ਦੇ ਗਿਆਨ ਸੰਬੰਧੀ ਸਕੋਰ ਦਾ ਟੀ-ਮੁੱਲ 0.20 ਹੈ। ਟੀ-ਸਾਰਨੀ ਤੇ ਸੁੰਤਤਰਤਾ ਦਾ ਦਰਜਾ (df) 100 ਅਨੁਸਾਰ 0.05 ਪੱਧਰ ਉਪਰ ਟੀ-ਸਾਰਨੀ ਮੁੱਲ 1.98 ਹੈ। ਇਸ ਪ੍ਰਕਾਰ ਪ੍ਰਾਪਤ ਟੀ-ਮੁੱਲ, ਟੀ-ਸਾਰਨੀ ਨਾਲੋਂ ਘੱਟ ਹੈ। ਇਸ ਦਾ ਅਰਥ ਇਹ ਹੋਇਆ ਕਿ ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡੇ ਅਤੇ ਕੁੜੀਆਂ ਵਿਚਕਾਰ ਗਿਆਨ ਵਿਚਕਾਰ ਕੋਈ ਅੰਤਰ ਨਹੀਂ ਹੈ।




**ਗ੍ਰਾਫ ਨੰਬਰ 1 ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡੇ ਅਤੇ ਕੁੜੀਆਂ ਦੇ ਗਿਆਨ ਵਿਚਕਾਰ ਪੱਧਰ ਵਿਚ ਅੰਤਰ**

ਗ੍ਰਾਫ ਨੰਬਰ 1 ਤੋਂ ਪਤਾ ਲਗਦਾ ਹੈ ਕਿ ਮੁੰਡੇ ਅਤੇ ਕੁੜੀਆਂ ਦੇ ਗਿਆਨ ਵਿਚਕਾਰ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਕੋਈ ਅੰਤਰ ਨਹੀਂ ਹੈ। ਟੀ-ਮੁੱਲ 0.20 ਹੈ ਜੋ ਕਿ ਸੁੰਤਤਰਤਾ ਦੇ ਦਰਜੇ (df) 100 ਅਨੁਸਾਰ 0.05 ਸੁਤੰਤਰਤਾ ਦੇ ਪੱਧਰ ਤੇ ਟੀ-ਸਾਰਣੀ ਮੁੱਲ 1.98 ਹੈ। ਇਸ ਪ੍ਰਕਾਰ ਪ੍ਰਾਪਤ ਟੀ-ਮੁੱਲ, ਟੀ ਸਾਰਣੀ ਮੁੱਲ ਨਾਲੋਂ ਘੱਟ ਹੈ।

**ਇਸ ਲਈ ਪਰਿਕਲਪਨਾ** "ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡੇ ਅਤੇ ਕੁੜੀਆਂ ਦੇ ਗਿਆਨ ਵਿਚਕਾਰ ਪੱਧਰ ਵਿਚ ਅੰਤਰ ਨਹੀਂ ਹੈ", ਸਵੀਕਾਰ ਕੀਤਾ ਜਾਂਦਾ ਹੈ।

- **ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਗਿਆਨ ਵਿਚਕਾਰ ਵਿਸ਼ਲੇਸ਼ਣ**

ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਗਿਆਨ ਵਿਚਕਾਰ ਪੱਧਰ ਦਾ ਪਤਾ ਲਗਾਉਣ ਲਈ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਤੋਂ ਅੰਕੜੇ ਇੱਕਠੇ ਕੀਤੇ ਗਏ। ਇਹ ਅੰਕੜੇ ਇੱਕਠੇ ਕਰਨ ਤੋਂ ਬਾਅਦ ਉਹਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ। ਪ੍ਰਾਪਤ ਅੰਕੜਿਆਂ ਦਾ ਮੁਲਾਂਕਣ ਕਰਨ ਲਈ ਮੱਧਮਾਨ, ਮਾਨਕ ਵਿਚਲਨ ਅਤੇ ਟੀ-ਮੁੱਲ ਕੱਢਿਆ ਗਿਆ। ਜਿਸ ਦਾ ਨਤੀਜਾ ਸਾਰਣੀ ਨੰਬਰ 3 ਅਤੇ 4 ਵਿਚ ਪੇਸ਼ ਕੀਤਾ ਗਿਆ।

**ਸਾਰਣੀ ਨੰਬਰ 3**

**ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਗਿਆਨ ਵਿਚਕਾਰ ਮੱਧਮਾਨ ਅਤੇ ਮਾਨਕ ਵਿਚਲਨ ਦੇ ਪੱਧਰ ਵਿੱਚ ਅੰਤਰ**

| Area | N | Mean | Std. Deviation | Std. Error Mean |
|---|---|---|---|---|
| Urban | 62 | 17.71 | 5.505 | .699 |
| Rural | 40 | 20.33 | 5.071 | .802 |

**Significant at 0.05 Level**


**ਸਾਰਣੀ ਨੰਬਰ 4**

**ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਗਿਆਨ ਵਿਚਕਾਰ ਟੀ-ਮੁੱਲ ਦੇ ਪੱਧਰ ਵਿੱਚ ਅੰਤਰ**

| | Levene's Test for Equality of Variances | | t-test for Equality of Means | | | | | | |
|---|---|---|---|---|---|---|---|---|---|
| | | | | | | | | 95% Confidence Interval of the Difference | |
| | F | Sig. | t | df | Sig. (2-tailed) | Mean Difference | Std. Error Difference | Lower | Upper |
| Equal variances assumed | 1.287 | .259 | -2.415 | 100 | .018 | -2.615 | 1.083 | -4.764 | -.467 |

| | | | | | | | | | |
|---|---|---|---|---|---|---|---|---|---|
| Equal variances not assumed | | | -2.459 | 88.24 | .016 | -2.615 | 1.064 | -4.729 | -.501 |

ਸਾਰਣੀ ਨੰਬਰ 3 ਅਤੇ 4 ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਸ਼ਹਿਰੀ ਵਿਦਿਆਰਥੀ ਦੇ ਗਿਆਨ ਸੰਬੰਧੀ ਮੱਧਮਾਨ ਸਕੋਰ (M) 17.71 ਹੈ, ਮਾਨਕ ਵਿਚਲਨ (SD) 5.50 ਹੈ। ਪੇਂਡੂ ਵਿਦਿਆਰਥੀਆਂ ਦੇ ਗਿਆਨ ਦਾ ਮੱਧਮਾਨ ਸਕੋਰ (M) 20.33, ਮਾਨਕ ਵਿਚਲਨ (SD) 5.07 ਹੈ। ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਗਿਆਨ ਸੰਬੰਧੀ ਟੀ-ਮੁੱਲ (T-Value) 2.41 ਹੈ। ਟੀ-ਸਾਰਣੀ ਤੇ ਸੁੰਤਤਰਤਾ ਦਾ ਦਰਜਾ (df) 100 ਅਨੁਸਾਰ 0.05 ਪੱਧਰ ਉਪਰ ਟੀ-ਸਾਰਣੀ ਮੁੱਲ 1.98 ਹੈ। ਇਸ ਪ੍ਰਕਾਰ ਟੀ-ਮੁੱਲ, ਟੀ-ਸਾਰਨੀ ਨਾਲੋਂ ਵੱਧ ਹੈ। ਇਸ ਦਾ ਅਰਥ ਇਹ ਹੋਇਆ ਕਿ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਦੇ ਗਿਆਨ ਵਿੱਚ ਅੰਤਰ ਪਾਇਆ ਗਿਆ ਹੈ।




**ਗ੍ਰਾਫ ਨੰਬਰ 2 ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਗਿਆਨ ਵਿਚਕਾਰ ਪੱਧਰ ਵਿੱਚ ਅੰਤਰ**

ਗ੍ਰਾਫ ਨੰਬਰ 2 ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਵਿੱਚ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਗਿਆਨ ਵਿੱਚ ਵਿਚਕਾਰ ਅੰਤਰ ਹੈ। ਟੀ-ਮੁੱਲ 2.41 ਹੈ ਜੋ ਕਿ ਸੁੰਤਤਰਤਾ ਦੇ ਦਰਜੇ (df) ਅਨੁਸਾਰ 100 ਸੁਤੰਤਰਤਾ ਦੇ ਪੱਧਰ ਤੇ ਟੀ-ਸਾਰਣੀ ਮੁੱਲ 1.98 ਹੈ, ਇਸ ਪ੍ਰਕਾਰ ਟੀ-ਮੁੱਲ, ਟੀ-ਸਾਰਣੀ ਮੁੱਲ ਨਾਲੋਂ ਵੱਧ ਹੈ।

**ਇਸ ਲਈ ਪਰਿਕਲਪਨਾ** , "ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਸ਼ਹਿਰੀ ਅਤੇ ਪੇਂਡੂ ਵਿਦਿਆਰਥੀਆਂ ਦੇ ਗਿਆਨ ਵਿੱਚਕਾਰ ਅੰਤਰ ਨਹੀਂ ਹੈ," ਅਸਵੀਕਾਰ ਕੀਤਾ ਜਾਂਦਾ ਹੈ।

### ਸਿੱਟਾ

- ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਵਿਸ਼ਲੇਸ਼ਣ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਮੁੰਡੇ ਅਤੇ ਕੁੜੀਆਂ ਦੇ ਗਿਆਨ ਵਿਚਕਾਰ ਵਿਸ਼ਲੇਸ਼ਣ ਵਿਚ ਕੋਈ ਅੰਤਰ ਨਹੀਂ ਪਾਇਆ ਗਿਆ।
- ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਅਧਿਐਨ ਸੰਬੰਧੀ ਸ਼ਹਿਰੀ ਅਤੇ ਪੇਂਡੂ ਖੇਤਰ ਵਿਚਕਾਰ ਵਿਸ਼ਲੇਸ਼ਣ ਵਿਚ ਅੰਤਰ ਪਾਇਆ ਗਿਆ।

### ਭਵਿੱਖਤ ਖੋਜ ਸੰਬੰਧੀ ਸੁਝਾਅ

- ਮੌਜੂਦਾ ਅਧਿਐਨ ਕੇਵਲ 102 ਵਿਦਿਆਰਥੀਆਂ ਤੇ ਹੀ ਕੀਤਾ ਗਿਆ ਹੈ। ਵੰਨਗੀ ਦੇ ਖੇਤਰ ਤੇ ਸੰਖਿਆ ਨੂੰ ਵਧਾ ਕੇ ਹੋਰ ਵਧੇਰੇ ਸਾਰਥਿਕ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ।
- ਇਹ ਅਧਿਐਨ ਕਾਰਜ ਕੇਵਲ ਸੈਕੰਡਰੀ ਜਮਾਤ ਦੇ ਵਿਦਿਆਰਥੀਆਂ ਦੇ ਪੰਜਾਬ ਦਾ ਸੁਨਹਿਰੀ ਪੰਜਾਬੀ ਸੱਭਿਆਚਾਰ ਅਤੇ ਵਿਰਸਾ ਸੰਬੰਧੀ ਗਿਆਨ ਦਾ ਅਧਿਐਨ ਨਾਲ ਸੰਬੰਧਿਤ ਹੈ। ਇਸ ਅਧਿਐਨ ਨੂੰ ਹੋਰਨਾਂ ਜਮਾਤਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੇ ਗਿਆਨ ਨੂੰ ਜਾਣ ਲਈ ਕੀਤਾ ਜਾ ਸਕਦਾ ਹੈ।
- ਇਹ ਅਧਿਐਨ ਕੇਵਲ ਪਟਿਆਲਾ ਜ਼ਿਲ੍ਹਾ ਨਾਲ ਹੀ ਸੰਬੰਧਿਤ ਹੈ। ਇਸ ਅਧਿਐਨ ਨੂੰ ਹੋਰਨਾਂ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਉੱਪਰ ਵੀ ਕੀਤਾ ਜਾ ਸਕਦਾ ਹੈ।
- ਵਿਦਿਆਰਥੀਆਂ ਨੂੰ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਬਾਰੇ ਪੜ੍ਹਾਇਆ ਜਾਵੇਗਾ। ਇਸ ਲਈ ਇਸ ਅਧਿਐਨ ਨੂੰ ਪਾਠਕ੍ਰਮ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ।

### ਪੁਸਤਕ ਸੂਚੀ

1. ਸਿੰਘ, ਅ., ਵਿਰਸਾ ਅਤੇ ਸੱਭਿਆਚਾਰ: ਦੇਖਿਆ, ਸੁਣਿਆ ਅਤੇ ਹੰਢਾਇਆ, ਜੋਹਰਾ ਪਬਲੀਕੇਸ਼ਨ, ਪਟਿਆਲਾ (ਪੰਜਾਬ), 2013.
2. ਸਿੰਘ, ਸ.,ਪੰਜਾਬੀ ਸੱਭਿਆਚਾਰ ਵਿਭਿੰਨ ਪਰਿਪੇਖ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2009, ਪੰਨਾ ਨੰ. 13,34,35,36.
3. ਕੌਰ, ਰ. ਪੰਜਾਬੀ ਲੋਕਧਾਰਾ ਸਮੱਗਰੀ ਤੇ ਪੇਸ਼ਕਾਰੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2001.
4. ਜੋਸ਼ੀ, ਸ.ਸ. ਸੱਭਿਆਚਾਰ ਸਿਧਾਂਤ ਤੇ ਵਿਹਾਰ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2009, ਪੰਨਾ ਨੰ. 91.
5. ਜੋਸ਼ੀ, ਸ.ਸ., ਸਭਿਆਚਾਰ ਅਤੇ ਲੋਕਧਾਰਾ, ਵਾਰਿਸ਼ ਸ਼ਾਹ, ਫਾਉਂਡੇਸ਼ਨ, ਅੰਮ੍ਰਿਤਸਰ, 1997
6. ਜੋਸ਼ੀ, ਜ.ਸ., ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਤੇਜਿੰਦਰ ਬੀਰ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006, ਪੰਨਾ ਨੰ. 19-21,303.
7. ਜੋਸ਼ੀ, ਜ.ਸ., ਪੰਜਾਬੀ ਭਾਸ਼ਾ ਅਤੇ ਲੋਕਧਾਰਾ, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2004.
8. ਨਿਰਮਲ, ਚ.ਸ. ਮਹਾਨ ਵਿਰਸਾ, ਨਿਰਮਲ ਪਬਲੀਕੇਸ਼ਨ, ਗੁਰਦਾਸਪੁਰ, 2004.

9. ਨੂਰ, ਜ.ਸ., ਪੰਜਾਬੀ ਜਨ-ਜੀਵਨ ਲੋਕ-ਰੰਗ, ਪੰਜਾਬੀ ਸਾਹਿਤ ਅਤੇ ਸੱਭਿਆਚਾਰ ਸਦਨ, ਫਗਵਾੜਾ, 2006, ਪੰਨਾ ਨੰ.10,11,22
10. ਬੇਦੀ, ਸ.ਸ., ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, 2007.
11. ਮਾਦਪੁਰੀ, ਸ., ਪੰਜਾਬੀ ਸੱਭਿਆਚਾਰ ਦੀ ਆਰਸੀ, ਤੇਜਿੰਦਰ ਬੀਰ ਸਿੰਘ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2006.
12. ਮੋਹੇ, ਗ.ਸ., ਵਿਰਸਾ ਪੰਜਾਬ ਦਾ, ਸ. ਤੇਜਿੰਦਰ ਬੀਰ ਸਿੰਘ, ਲੁਧਿਆਣਾ, 2003.

**ਵੈਬਸਾਈਟ (URL's)-**

1. www.wikipedia.com
2. https://sabyachar.com
3. https://punjabimaaboli.com
4. https://scholar.google.co.in